## ਸਮੈਸਟਰ - ਪਹਿਲਾ (ਸਤੰਬਰ-2010)
## ਵਿਸ਼ਾ - ਪੰਜਾਬੀ, ਸ਼੍ਰੇਣੀ - ਨੌਂਵੀਂ, ਪੇਪਰ - ਏ

**ਸਮਾਂ: 3 ਘੰਟੇ** | **ਲਿਖਤੀ ਅੰਕ: 60**
**ਆਂਤਰਿਕ ਅੰਕ: 15**
**ਕੁੱਲ ਅੰਕ: 75**

**ਪ੍ਰ.1 ਹੇਠ ਲਿਖਿਆਂ ਕਾਵਿ-ਟੋਟਿਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਦੱਸ ਕੇ ਵਿਆਖਿਆ 150 ਸ਼ਬਦਾਂ ਵਿੱਚ ਕਰੋ-**

ਕੱਲ੍ਹ ਚੁੱਕੀ ਹੈ ਬੀਤ ਵੱਸ ਤੋਂ ਦੂਰ ਨਸਾਈ,
ਭਲਕ ਅਜੇ ਹੈ ਦੂਰ ਨਹੀਂ ਵਿੱਚ ਹੱਥਾਂ ਆਈ,
'ਅੱਜ' ਅਸਾਡੇ ਕੋਲ ਪਰ ਵਿੱਚ ਫਿਕਰਾਂ ਲਾਈ,
'ਕੱਲ੍ਹ' 'ਭਲਕ' ਨੂੰ ਸੋਚ 'ਅੱਜ' ਇਹ ਮੁਫ਼ਤ ਗੁਆਈ।

ਜਾਂ

ਕਿ ਹੱਕ ਨੂੰ ਸਦਾ ਫਾਂਸੀ
ਤੇ ਸੱਚ ਨੂੰ ਸਦਾ ਸੂਲੀ,
ਫੜਿਅਨ ਹਮੇਸ਼ਾ ਸਾਧ,
ਮਾਰੀਅਨ ਹਮੇਸ਼ਾ ਸਿੱਧੇ,
ਕਿ ਗਲਾ ਗੁੱਟ ਸੀ ਹਮੇਸ਼ਾ ਦਿਆਨਤ ਦਾ,
ਬੇੜਾ ਤਰਸੀ ਹਮੇਸ਼ਾ ਪਿਆਰ ਦਾ। (4+8=12)

**ਪ੍ਰ.2 ਹੇਠ ਲਿਖੀਆਂ ਕਾਵਿ-ਸਤਰਾਂ ਵਿੱਚੋਂ ਕਿਸੇ ਇੱਕ ਦੀ ਵਿਆਖਿਆ 40 ਸ਼ਬਦਾਂ ਵਿੱਚ ਕਰੋ:-**

ੳ) ਬੁੱਧੂ ਦੇ ਭਾਣੇ ਹਥ-ਕੰਡੇ ਸਭ ਜਗ ਦੇ ਉਸਨੂੰ ਆਂਦੇ ਨੇ,
ਪਛਤਾਂਦਾ ਹੈ ਜਦ ਚਤੁਰ ਲੋਕ ਤਿਸ ਵੇਚ ਪਕੌੜੇ ਖਾਂਦੇ ਨੇ।

ਅ) ਨਾ ਸਾੜਾ ਹੈ ਨਾ ਕੀਨਾ ਹੈ,
ਇਹ ਖੁਸ਼ੀਆਂ ਦੀ ਅਬਾਦੀ ਹੈ। (4)

**ਪ੍ਰ.3 ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਦਾ ਕੇਂਦਰੀ ਭਾਵ 40 ਸ਼ਬਦਾਂ ਵਿੱਚ ਲਿਖੋ:-**

ੳ) ਜਵਾਨ ਪੰਜਾਬ ਦੇ
ਅ) ਵਿਸਾਖੀ ਦਾ ਮੇਲਾ (4)

**ਪ੍ਰ.4 ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇੱਕ ਦਾ ਸਾਰ 150 ਸ਼ਬਦਾਂ ਵਿੱਚ ਲਿਖੋ:-**

ੳ) ਮੋਦੀਖਾਨਾ ਸੰਭਾਲਿਆ।
ਅ) ਗਲੀ ਵਿੱਚ। (8)

ਪ੍ਰ.5 ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਜਾਣ ਤੋਂ ਪਹਿਲਾਂ ਪਤਨੀ ਨਾਲ ਹੋਈ ਗੱਲਬਾਤ ਨੂੰ ਲਗਭਗ 40 ਸ਼ਬਦਾਂ ਵਿੱਚ ਲਿਖੋ ?

ਜਾਂ

ਪਾਂਡਾ ਭੋਲੀਆਂ-ਭਾਲੀਆਂ ਔਰਤਾਂ ਨੂੰ ਕਿਵੇਂ ਵਰਗਲਾ ਕੇ ਲੁੱਟਦਾ ਹੈ ? (4)

**ਪ੍ਰ.6 ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ ਚਿੱਤਰਣ ਕਰੋ:-** (6)

ੳ) ਬੇਬੇ ਰਾਮ ਭਜਨੀ

ਅ) ਸ਼ਾਮ ਦਾਸ

**ਪ੍ਰ.7 ਹੇਠ ਲਿਖੇ ਵਾਰਤਾਲਾਪ ਦੀ ਪ੍ਰਸੰਗ ਦੱਸਕੇ ਵਿਆਖਿਆ 40 ਸ਼ਬਦਾਂ ਵਿੱਚ ਕਰੋ:-** (2)

ਬੀਬੀ ਦਾਨ ਕਰਨ ਲੱਗਿਆਂ ਵਿਚਾਰਾਂ ਵਿੱਚ ਪੈਣਾ ਮਾੜਾ ਹੁੰਦਾ ਏ। ਮਨ ਜ਼ਰਾ ਵੀ ਡੋਲ ਜਾਏ, ਤਾਂ ਸਾਰਾ ਕੀਤਾ ਕਰਾਇਆ ਖੂਹ ਵਿੱਚ ਪੈ ਜਾਂਦਾ ਏ।

ਜਾਂ

ਮਹਾਰਾਜ ਹੁਣ ਇਹ ਜੀ ਵਿੱਚ ਆਉਂਦਾ ਏ ਪਈ ਦੁਨੀਆ ਵੀ ਤਜ ਦੇਵਾਂ। ਦੁਨੀਆ ਵਿੱਚ ਕੁਝ ਨਹੀਂ। ਜਿਹਨੂੰ ਰਾਮ ਮਿਲਿਆ ਉਹਨੂੰ ਸਭ ਕੁਝ ਮਿਲਿਆ।

**ਪ੍ਰ.8 ਹੇਠ ਲਿਖੀਆਂ ਕਹਾਣੀਆਂ ਵਿੱਚੋਂ ਕਿਸੇ ਇੱਕ ਦਾ ਸਾਰ 150 ਸ਼ਬਦਾਂ ਵਿੱਚ ਲਿਖੋ:-**

ੳ) ਰੱਬ ਆਪਣੇ ਅਸਲੀ ਰੂਪ ਵਿੱਚ।

ਅ) ਨੀਲੀ ਝੀਲ ਤੇ ਬੁਰੀ ਗੱਲ। (6)

**ਪ੍ਰ.9** 'ਬੁੱਢੇ ਮੌਲਵੀ' ਜਾਂ 'ਜ਼ੈਨਬ' ਦਾ ਚਰਿੱਤਰ ਚਿੱਤਰਣ 150 ਸ਼ਬਦਾਂ ਵਿੱਚ ਕਰੋ। (6)

**ਪ੍ਰ.10** ਹੈੱਡਮਾਸਟਰ ਸਾਹਿਬ ਦੀਆਂ ਨਜ਼ਰਾਂ ਵਿੱਚ ਦੀਨਾ ਕਿਹੋ ਜਿਹਾ ਲੜਕਾ ਸੀ ?

ਜਾਂ

ਨੱਥਾ ਉਦਾਸ ਕਿਉਂ ਹੋ ਗਿਆ ਸੀ ? ਉੱਤਰ 40 ਸ਼ਬਦਾਂ ਵਿੱਚ ਲਿਖੋ ? (6)

**ਪ੍ਰ.11 ਹੇਠ ਲਿਖੇ ਵਾਰਤਾਲਾਪ ਦੀ ਪ੍ਰਸੰਗ ਸਹਿਤ ਵਿਆਖਿਆ 40 ਸ਼ਬਦਾਂ ਵਿੱਚ ਕਰੋ:-**

"ਮੈਂ ਆਪੇ ਜਾਨੈ।"

"ਪਰ ਇੰਸਪੈਕਟਰ ਸਾਹਿਬ ਇੱਕ ਦੀਨੇ ਦੇ ਨਿਕਲਣ ਨਾਲ ਤੁਸੀਂ ਅੰਗਰੇਜ਼ੀ ਰਾਜ ਦੇ ਢਹਿੰਦੇ ਕਿਲ੍ਹੇ ਨੂੰ ਬਚਾ ਕੇ ਨਹੀਂ ਰੱਖ ਸਕਦੇ।"

ਜਾਂ

"ਵਿੱਦਿਆ ਤਾਂ ਤੀਸਰਾ ਨੇਤਰ ਐ। ਇਹਦੇ ਬਿਨਾ ਤਾਂ ਮਨੁੱਖ ਅਗਿਆਨੀ ਹੁੰਦੈ।" (2)